# ਦਫਤਰ ਉਪ ਰਜਿਸਟਰਾਰ ਸਹਿਕਾਰੀ ਸਭਾਵਾਂ, ਸ੍ਰੀ ਮੁਕਤਸਰ ਸਾਹਿਬ

ਸੇਵਾ ਵਿਖੇ

ਮਾਨਯੋਗ ਰਜਿਸਟਰਾਰ
ਸਹਿਕਾਰੀ ਸਭਾਵਾਂ, ਪੰਜਾਬ
ਚੰਡੀਗੜ੍ਹ

ਨੰਬਰ/ਰਕ-1/ਉ.ਰ.ਮ/ਸ਼.ਪੰ.ਸਮ.ਨ ਮਿਤੀ ੫.੧੨.੨੦੨੩

ਵਿਸ਼ਾ ਵਿਸ਼ਾ ਖੇਤੀਬਾੜੀ ਸਹਿਕਾਰੀ ਸਭਾਵਾਂ ਵਿੱਚ ਆਉਟਸੋਰਸਿੰਗ ਪਾਲਿਸੀ ਤਹਿਤ Business Corespondents ਦੀ ਭਰਤੀ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਦੀ ਮੁਕਤਸਰ ਸੈਂਟਰਲ ਕੋਆਪ੍ਰੇਟਿਵ ਬੈਂਕ ਲਿਮ. ਸ੍ਰੀ ਮੁਕਤਸਰ ਸਾਹਿਬ ਵੱਲੋਂ ਬੈਂਕ ਦੇ ਨਾਲ ਲੱਗਦੀਆਂ 13 ਖੇਤੀਬਾੜੀ ਸਹਿਕਾਰੀ ਸਭਾਵਾਂ (ਦੀ ਭਲਾਈਆਣਾ MPCS, ਦੀ ਆਸਾ ਬੁੱਟਰ MPCS, ਦੀ ਮਿੱਡਾ MPCS, ਦੀ ਮੋਹਲਾ MPCS, ਦੀ ਰੋੜਾਂਵਾਲੀ MPCS, ਦੀ ਭਗਵਾਨਪੁਰਾ MPCS, ਦੀ ਪੰਨੀਵਾਲਾ MPCS, ਦੀ ਫੱਤਾਕੇਰਾ MPCS, ਦੀ ਕੰਦੂਖੇੜਾ MPCS, ਦੀ ਪੱਕਾ [redacted] MPCS, ਦੀ ਮਲੋਟ MPCS, ਦੀ ਮੰਡੀ ਕਿੱਲਿਆਂਵਾਲੀ MPCS, ਦੀ ਜੰਡੋਕੇ MPCS) ਵਿੱਚ ਆਊਟ ਸੋਰਸਿੰਗ ਰਾਹੀ Business Corespondents ਦੀ ਭਰਤੀ ਸਬੰਧੀ ਇਸ਼ਤਿਹਾਰ ਮਿਤੀ 29.11.2023 ਦੇ ਅਖਬਾਰ ਰੋਜਾਨਾ ਸੋਪਕਸਮੈਨ ਵਿੱਚ ਪ੍ਰਕਾਸ਼ਿਤ ਕਰਵਾਇਆ ਗਿਆ ਹੈ ਅਤੇ ਇਸ ਸਬੰਧੀ ਸੋਧ ਮਿਤੀ 01.12.2023 ਦੇ ਅਖਬਾਰ ਵਿੱਚ ਦਿੱਤੀ ਗਈ ਹੈ। ਕ੍ਰਿਪਾ ਕਰਕੇ ਬੈਂਕ ਵੱਲੋਂ ਜਾਰੀ ਕੀਤੇ ਇਸ ਇਸ਼ਤਿਹਾਰ ਨੂੰ ਵਿਭਾਗ ਦੀ ਵੈਬਸਾਇਟ ਤੇ ਅਪਲੋਡ ਦੀ ਖੇਚਲ ਕੀਤੀ ਜਾਵੇ।

ਨੱਥੀ ਇਸ਼ਤਿਹਾਰ ਦੀ ਕਾਪੀ

Sandhoo A

ਉਪ ਰਜਿਸਟਰਾਰ
ਸਹਿਕਾਰੀ ਸਭਾਵਾਂ, ਸ੍ਰੀ ਮੁਕਤਸਰ ਸਾਹਿਬ

Scanned with OKEN Scanner

## ਦੀ ਮੁਕਤਸਰ ਸੈਂਟਰਲ ਕੋਆਪ੍ਰੇਟਿਵ ਬੈਂਕ ਲਿਮ:, ਮੁਕਤਸਰ ਗਲੀ ਆਦਰਸ਼ ਮਾਡਲ ਸਕੂਲ, ਕੋਟਕਪੂਰਾ ਰੋਡ, ਮੁਕਤਸਰ

### ਪਬਲਿਕ ਨੋਟਿਸ

ਦੀ ਮੁਕਤਸਰ ਸੈਂਟਰਲ ਕੋਆਪ੍ਰੇਟਿਵ ਬੈਂਕ ਲਿਮ:, ਮੁਕਤਸਰ ਵੱਲੋ ਬੈਂਕ ਦੇ ਨਾਲ ਲੱਗਦੀਆਂ 13 ਖੇਤੀਬਾੜੀ ਸਹਿਕਾਰੀ ਸਭਾਵਾਂ (ਦੀ ਭਲਾਈਆਣਾ MPCS, ਦੀ ਆਸਾ ਬੁੱਟਰ MPCS, ਦੀ ਮਿੱਡਾ MPCS, ਦੀ ਮੋਹਲਾ MPCS, ਦੀ ਰੋੜਾਂਵਾਲੀ MPCS, ਦੀ ਭਗਵਾਨਪੁਰਾ MPCS, ਦੀ ਪੰਨੀਵਾਲਾ MPCS, ਦੀ ਫੱਤਾਕੇਰਾ MPCS, ਦੀ ਕੰਦੂਖੇੜਾ MPCS, ਦੀ ਮਲੋਟ MPCS, ਦੀ ਮੰਡੀ ਕਿੱਲਿਆਂਵਾਲੀ MPCS, ਦੀ ਜੰਡੋਕੇ MPCS) ਵਿੱਚ ਆਊਟ ਸੋਰਸਿੰਗ ਰਾਹੀਂ Business Corespondents ਲਗਾਏ ਜਾਣੇ ਹਨ। ਪ੍ਰਾਰਥੀ ਦੀ ਵਿਦਿਅਕ ਯੋਗਤਾ ਅਤੇ ਹੋਰ ਮਾਪਦੰਡ ਨਿਮਨ ਲਿਖਤ ਅਨੁਸਾਰ ਹਨ:

1. ਵਿਦਿਅਕ ਯੋਗਤਾ

a) ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਗਰੇਜੂਏਟ ਦੀ ਡਿਗਰੀ.

b) ਦਸਵੀਂ ਪੱਧਰ ਦੀ ਪੰਜਾਬੀ ਦੀ ਵਿਦਿਅਕ ਯੋਗਤਾ ਲਾਜਮੀ।

c) ਉਮੀਦਵਾਰ ਨੇ ਭਾਰਤ ਸਰਕਾਰ ਦੇ ਇਲੈਕਟ੍ਰੋਨਿਕਸ ਵਿਭਾਗ ਦੇ 'ਓ' ਲੇਵਲ ਦੇ ਸਰਟੀਫਿਕੇਟ ਦਾ ਕੋਰਸ ਪਾਸ ਕੀਤਾ ਹੋਵੇ।

ਜਾਂ

ਉਮੀਦਵਾਰ ਨੇ ਸਰਕਾਰ ਵੱਲੋ ਪ੍ਰਵਾਨਿਤ ਕਿਸੇ ਸੰਸਥਾ ਜਾਂ ਕਿਸੇ ਮਸ਼ਹੂਰ ਸੰਸਥਾ ਜੋ ISO 9001 ਅਨੁਸਾਰ ਤਸਦੀਕਸ਼ੁਦਾ ਹੋਵੇ ਤੋਂ ਘੱਟ-ਘੱਟ 120 ਘੰਟੇ ਦਾ ਪਰਸਨਲ ਕੰਪਿਊਟਰ ਦਾ ਕੋਰਸ ਜਾਂ ਇਨਫਰਮੇਸ਼ਨ ਟੈਕਨੋਲੋਜੀ ਵਿੱਚ ਆਫਿਸ ਪ੍ਰੋਡਕਟੀਵਿਟੀ ਐਪਲੀਕੇਸ਼ਨ ਦਾ ਕੋਰਸ ਜਾਂ **Desktop Publishing** ਦਾ ਕੋਰਸ ਕੀਤਾ ਹੋਵੇ।

d) ਪੇਂਡੂ ਪਿਛੋਕੜ (ਮੁੱਢਲੀ ਖੇਤੀਬਾੜੀ ਸਹਿਕਾਰੀ ਸਭਾ ਦੇ ਦਾਇਰਾ ਕਾਰੋਬਾਰ ਖੇਤਰ ਦੇ ਵਸਨੀਕ ਪ੍ਰਾਰਥੀ ਨੂੰ ਪਹਿਲ ਦਿੱਤੀ ਜਾਵੇਗੀ, ਜੇਕਰ ਦਾਇਰਾ ਕਾਰੋਬਾਰ ਦੇ ਖੇਤਰ ਵਿੱਚ ਕੋਈ ਪ੍ਰਾਰਥੀ ਨਹੀ ਉਪਲਬਧ ਹੋਵੇਗਾ ਤਾ ਦਾਇਰਾ ਕਾਰੋਬਾਰ ਖੇਤਰ ਦੇ ਬਾਹਰ ਵਿਚੋਂ ਪ੍ਰਾਰਥੀ ਦੀ ਚੋਣ ਕੀਤੀ ਜਾਵੇਗੀ)।

2. ਹੋਰ ਮਾਪਦੰਡ:

a) ਪ੍ਰਾਰਥੀ ਦੀ ਉਮਰ ਇਸ਼ਤਿਹਾਰ ਪ੍ਰਕਾਸ਼ਿਤ ਹੋਣ ਦੀ ਮਿਤੀ ਨੂੰ ਘੱਟ-ਘੱਟ 25 ਸਾਲ ਅਤੇ ਵੱਧ ਤੋਂ ਵੱਧ 45 ਸਾਲ ਹੋਵੇ।

b) ਮੁੱਢਲੀ ਨਿਯੁਕਤੀ ਇਕ ਸਾਲ ਵਾਸਤੇ ਹੋਵੇਗੀ, ਜਿਸ ਨੂੰ ਸਾਲ ਬਾਅਦ ਰੀਵਿਊ ਕਰਨ ਉਪਰੰਤ ਵਧਾਇਆ ਜਾ ਸਕਦਾ ਹੈ

c) ਪ੍ਰਾਰਥੀ ਨੂੰ ਇਕ ਏਕੜ ਜਮੀਨ ਬੈਂਕ ਦੇ ਨਾਮ ਆੜ ਰਹਿਣ ਕਰਵਾਉਣੀ ਹੋਵੇਗੀ। ਜੇਕਰ ਜਮੀਨ ਨਹੀ ਹੈ ਤਾਂ 1.00 ਲੱਖ ਰੁਪਏ ਦੀ ਬੈਂਕ ਗਰੰਟੀ ਦੇਣੀ ਹੋਵੇਗੀ।

3. ਮਾਣ ਭੱਤਾ :

ਮਾਨਯੋਗ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਚੰਡੀਗੜ੍ਹ ਜੀ ਵੱਲੋਂ ਪੱਤਰ ਨੰ. RCS/Credit-2/C.E.A-3/2148 dated 02.11.2021 ਰਾਹੀ ਜਾਰੀ ਪਾਲਿਸੀ (ਸਮੇਂ-ਸਮੇਂ ਸਿਰ ਹੋਣ ਵਾਲੀ ਸੋਧ) ਅਨੁਸਾਰ Business Corespondent ਨੂੰ 10000/- ਤੋਂ 15000/- ਰੁਪਏ ਤੱਕ (ਸਭਾ ਦੇ ਕਰਜੇ ਅਨੁਸਾਰ) Remuneration ਅਦਾ ਕੀਤਾ ਜਾਵੇਗਾ।

4. ਪ੍ਰਾਰਥੀ ਵੱਲੇ ਮੁੱਢਲੀ ਖੇਤੀਬਾੜੀ ਸਹਿਕਾਰੀ ਸਭਾ ਦੇ ਹਰ ਤਰ੍ਹਾਂ ਦੇ ਕੰਮਕਾਜ ਨੂੰ ਦੇਖਣ ਦੀ ਜਿੰਮੇਵਾਰੀ ਹੋਵੇਗੀ। ਬਾਕੀ ਸ਼ਰਤਾਂ ਮਾਨਯੋਗ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਜੀ ਵੱਲੋਂ ਪੱਤਰ ਨੰ. RCS/Credit-2/C.E.A-3/2148 dated 02.11.2021 ਰਾਹੀ ਜਾਰੀ ਪਾਲਿਸੀ (ਸਮੇਂ-ਸਮੇਂ ਸਿਰ ਹੋਣ ਵਾਲੀ ਸੋਧ) ਅਨੁਸਾਰ ਹੋਣਗੀਆਂ।

ਉਪਰੋਕਤ ਯੋਗਤਾਵਾਂ ਪੂਰੀਆ ਕਰਨ ਵਾਲੇ ਪ੍ਰਾਰਥੀ ਰਜਿਸਟਰਡ ਪੋਸਟ/ਦਸਤੀ ਰਾਹੀ ਆਪਣਾ ਪ੍ਰਾਰਥਨਾ ਪੱਤਰ, ਜਿਸ ਵਿੱਚ ਪ੍ਰਾਰਥੀ ਦਾ ਨਾਮ, ਪਿਤਾ ਦਾ ਨਾਮ, ਜਨਮ ਮਿਤੀ, ਪਾਸਪੋਰਟ ਸਾਇਜ ਤਸਦੀਕਸ਼ੁਦਾ ਫੋਟੋ, ਮੋਬਾਇਲ ਨੰਬਰ, ਈਮੇਲ ਆਈ.ਡੀ., ਪੱਕਾ ਪਤਾ, ਲਿੰਗ, ਵਿੱਦਿਅਕ ਯੋਗਤਾ, ਤਜਰਬਾ (ਜੇਕਰ ਕੋਈ ਹੈ) ਸਮੇਤ ਵਿਦਿਅਕ ਯੋਗਤਾ ਸਰਟੀਫਿਕੇਟਾਂ ਦੀ ਤਸਦੀਕਸ਼ੁਦਾ ਕਾਪੀ ਅਤੇ ਪੱਕੇ ਪਤੇ ਦਾ ਸਬੂਤ ਅਤੇ ਅਧਾਰ ਕਾਰਡ ਦੀ ਕਾਪੀ ਪ੍ਰਾਰਥਨਾ ਪੱਤਰ ਨਾਲ ਲਗਾ ਕੇ ਦੀ ਮੁਕਤਸਰ ਕੇਂਦਰੀ ਸਹਿਕਾਰੀ ਬੈਂਕ ਲਿਮ:, ਮੁੱਖ ਦਫਤਰ, ਗਲੀ ਆਦਰਸ਼ ਮਾਡਲ ਸਕੂਲ, ਕੋਟਕਪੂਰਾ ਰੋਡ, ਮੁਕਤਸਰ-152026 ਵਿਖੇ ਮਿਤੀ 20.12.2023 ਨੂੰ ਸ਼ਾਮ 5.00 ਵਜੇ ਤੱਕ ਭੇਜ ਸਕਦੇ ਹਨ।

ਨੋਟ:- ਸਭਾਵਾ ਅਤੇ ਉਨ੍ਹਾ ਦੇ ਅਧਿਕਾਰ ਖੇਤਰ ਦੀ ਲਿਸਟ ਕਿਸੇ ਵੀ ਕੰਮ ਕਰਨ ਵਾਲੇ ਦਿਨ ਬੈਂਕ ਦੇ ਮੁੱਖ ਦਫਤਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਸਿਲੇਕਸ਼ਨ ਕਮੇਟੀ ਵੱਲੋ ਪੋਸਟਾਂ ਦੀ ਗਿਣਤੀ ਕਿਸੇ ਵੀ ਸਮੇਂ ਘਟਾਈ ਜਾਂ ਵਧਾਈ ਜਾ ਸਕਦੀ ਹੈ ਅਤੇ ਇਹ ਸਾਰੀ ਪ੍ਰਕਿਰਿਆ ਦੌਰਾਨ ਸਿਲੇਕਸ਼ਨ ਕਮੇਟੀ ਦਾ ਫੈਸਲਾ ਆਖਰੀ ਹੋਵੇਗਾ। ਸਿਲੇਕਸ਼ਨ ਕਮੇਟੀ ਨੂੰ ਸੋਧੀਆਂ ਯੋਗਤਾਵਾਂ ਅਤੇ ਮਾਪਦੰਡ ਲਾਗੂ ਕਰਨ ਦਾ ਅਧਿਕਾਰ ਹੋਵੇਗਾ।

ਸਹੀ/-

(ਚੇਅਰਮੈਨ ਸਿਲੇਕਸ਼ਨ ਕਮੇਟੀ)

Scanned with CamScanner

Scanned with OKEN Scanner

## ਦੀ ਮੁਕਤਸਰ ਸੈਂਟਰਲ ਕੋਆਪ੍ਰੇਟਿਵ ਬੈਂਕ ਲਿਮ:, ਮੁਕਤਸਰ ਗਲੀ ਆਦਰਸ਼ ਮਾਡਲ ਸਕੂਲ, ਕੋਟਕਪੂਰਾ ਰੋਡ, ਮੁਕਤਸਰ

# ਸੋਧ

ਦੀ ਮੁਕਤਸਰ ਸੈਂਟਰਲ ਕੋਆਪ੍ਰੇਟਿਵ ਬੈਂਕ ਲਿਮ:, ਮੁਕਤਸਰ ਵੱਲੋਂ ਬੈਂਕ ਦੇ ਨਾਲ ਲੱਗਦੀਆਂ 13 ਖੇਤੀਬਾੜੀ ਸਹਿਕਾਰੀ ਸਭਾਵਾਂ (ਦੀ ਭਲਾਈਆਣਾ **MPCS**, ਦੀ ਆਸਾ ਬੁੱਟਰ **MPCS**, ਦੀ ਮਿੱਡਾ **MPCS**, ਦੀ ਮੋਹਲਾ **MPCS**, ਦੀ ਰੋੜਾਂਵਾਲੀ **MPCS**, ਦੀ ਭਗਵਾਨਪੁਰਾ **MPCS**, ਦੀ ਪੰਨੀਵਾਲਾ **MPCS**, ਦੀ ਫੱਤਾਕੇਰਾ **MPCS**, ਦੀ ਕੰਦੂਖੇੜਾ **MPCS**, ਦੀ ਮਲੋਟ **MPCS**, ਦੀ ਮੰਡੀ ਕਿੱਲ੍ਹਿਆਂਵਾਲੀ **MPCS**, ਦੀ ਜੰਡੋਕੇ **MPCS**) ਵਿੱਚ ਆਊਟ ਸੋਰਸਿੰਗ ਰਾਹੀਂ Business Corespondents ਲਗਾਏ ਜਾਣ ਦੇ ਇਸ਼ਤਿਹਾਰ ਵਿਚ 13 ਖੇਤੀਬਾੜੀ ਸਹਿਕਾਰੀ ਸਭਾਵਾਂ (ਦੀ ਭਲਾਈਆਣਾ **MPCS**, ਦੀ ਆਸਾ ਬੁੱਟਰ **MPCS**, ਦੀ ਘੱਗਾ **MPCS**, ਦੀ ਮਿੱਡਾ **MPCS**, ਦੀ ਮੋਹਲਾ **MPCS**, ਦੀ ਰੋੜਾਂਵਾਲੀ **MPCS**, ਦੀ ਭਗਵਾਨਪੁਰਾ **MPCS**, ਦੀ ਪੰਨੀਵਾਲਾ **MPCS**, ਦੀ ਫੱਤਾਕੇਰਾ **MPCS**, ਦੀ ਕੰਦੂਖੇੜਾ **MPCS**, ਦੀ ਮਲੋਟ **MPCS**, ਦੀ ਮੰਡੀ ਕਿੱਲ੍ਹਿਆਂਵਾਲੀ **MPCS**, ਦੀ ਜੰਡੋਕੇ **MPCS**) ਦੀ ਘੱਗਾ **MPCS** ਪੜ੍ਹਿਆ ਜਾਵੇ।

ਸਹੀ/-

(ਚੇਅਰਮੈਨ ਸਿਲੈਕਸ਼ਨ ਕਮੇਟੀ)

Scanned with CamScanner

Scanned with OKEN Scanner